## ਐਸ. ਤਰਸੇਮ

ਸਾਹਿਤ ਨਾਲ ਸਰੋਕਾਰ ਤਾਂ, ਮੈਂ ਤੀਜੀ ਚ ਮੈਂ ਸੀਗਾ ਤੇ ਗਣਤੰਤਰ ਦਿਵਸ ਦੇ ਵਿੱਚ 20 ਕੁ ਦਿਨ ਰਹਿੰਦੇ ਸੀਗੇ ਤੇ ਮੇਰਾ ਭਰਾ ਜਿਹੜਾ ਸੀਗਾ ਸ਼ੁਰੂ ਤੋਂ ਈ ਨਾ ਲਿਟਰੇਰੀ ਸਖਸ਼ੀਅਤ ਹੋਣ ਕਰਕੇ, ਕੋਈ ਵੀ ਸਾਹਿਤਕ ਜਾਂ ਸੱਭਿਆਚਾਰਕ ਪ੍ਰੋਗਰਾਮ ਹੋਣਾ ਤੇ ਰਾਜ ਭਾਵੇਂ ਕਿਵੇਂ ਵੀ ਪਾਰਟੀ ਦਾ ਹੋਵੇ, ਉਹਨਾਂ ਨੇ ਮੇਰੇ ਭਰਾ ਨੂੰ ਇੰਚਾਰਜ ਬਣਾਉਣਾ। ਤੇ ਸਾਡੇ ਘਰ ਦੇ ਵਿੱਚ ਸੋ ਉਸ ਕਰਕੇ ਇਸ ਤਰਾਂ ਦੇ ਪ੍ਰੋਗਰਾਮਾਂ ਦੀ ਚਰਚਾ ਆਮ ਹੁੰਦੀ ਰਹਿੰਦੀ ਸੀ ਤੇ ਮੇਰੇ ਭਰਾ ਨੂੰ ਮੈਂ ਆਖਿਆ ਬਈ ਜੇ ਮੈਂ ਕਵਿਤਾ ਲਿਖਾਂ ਗਣਤੰਤਰ ਦਿਵਸ ਤੇ ਮੈਂ ਬੋਲ ਲੂੰਗਾ। ਕਹਿੰਦਾ ਕਿਉਂ ਨਹੀਂ? ਤੂੰ ਲਿਖ ਕੇ ਦਿਖਾ। ਮੈਂ ਕਵਿਤਾ ਜੀ ਪੰਜ ਸੱਤ ਦਿਨਾਂ ਚ, ਜੋੜ ਮੇਲ ਕੇ ਨਾ ਤੁਕਬੰਦੀ ਦਿਖਾਤੀ, ਉਦੋਂ ਮੈਂ ਤੀਜੀ ਚ ਪੜਦਾ ਸੀ। ਕਹਿੰਦਾ ਤੈਨੂੰ ਤਾਂ ਕਵਿਤਾ ਲਿਖਣੀ ਆ ਗਈ। ਉਹ ਕਵਿਤਾ ਇਸ ਤਰਾਂ ਸੀਗੀ:

ਓ ਵਿਧਾਨ ਪਿਆਰੇ, ਓ ਵਿਧਾਨ ਪਿਆਰੇ
ਤੇਰੇ ਬਣਾਉਣ ਵਿੱਚ ਕੀਤੇ ਨੇ ਕੀਹਨੇ ਕਾਰੇ
ਕੀਹਦੀ ਗੱਲ ਤੇ ਬਾਤ ਨਾਲ ਤੂੰ ਬਣਿਆ?
ਕੀਹਦੇ ਸੋਹਣੇ ਵਿਚਾਰਾਂ ਨਾਲ ਤੂੰ ਤਣਿਆ
ਪੁੱਛਣ ਦਾ ਹੈ ਅੱਜ ਵਿਚਾਰ ਪਿਆਰੇ
ਓ ਵਿਧਾਨ ਪਿਆਰੇ, ਓ ਵਿਧਾਨ ਪਿਆਰੇ
ਇਹ ਸਵਾਲ ਸੀ:
ਰਾਜਨ ਬਾਬੂ ਨੇ ਮੈਨੂੰ ਪਿਆਰ ਕੀਤਾ,
ਜਵਾਹਰ ਲਾਲ ਨਹਿਰੂ ਨੇ ਮੈਨੂੰ ਤਿਆਰ ਕੀਤਾ

ਇਸ ਤਰਾਂ ਕੁਝ ਲਾਈਨਾਂ ਸਨ ਤੇ ਜਦੋਂ ਫਿਰ ਮੈਂ 26 ਜਨਵਰੀ ਦੇ ਉਤੇ ਬੋਲੀਆਂ, ਉਦੋਂ ਪ੍ਰੇਮ ਸਿੰਘ ਪ੍ਰੇਮ ਪੈਪਸੂ ਹੁੰਦਾ ਸੀਗਾ, ਸਾਡਾ ਜਿਲਾ ਬਰਨਾਲਾ ਹੁੰਦਾ ਸੀਗਾ ਤੇ ਇਹ ਉਸ ਸਮੇਂ ਪੰਜਾਬ ਤੋਂ ਵੱਖਰੀ ਸਟੇਟ ਸੀਗੀ, ਡੀ ਕਲਾਸ ਸਟੇਟ ਕਹਿੰਦੇ ਹੁੰਦੇ ਸੀ ਉਹਨੂੰ ਪੈਪਸੂ। ਤੇ ਉਹਦੇ ਵਿੱਚ ਜਿਹੜਾ ਸੀਗਾ ਨਾ ਪ੍ਰੇਮ ਸਿੰਘ ਪ੍ਰੇਮ ਖੁਦ ਵੀ ਸ਼ਾਇਰ ਸੀ ਬਹੁਤ ਅੱਛਾ। ਗਿਆਨੀ ਗੁਰਮੁਖ ਸਿੰਘ ਮੁਸਾਫਰ ਦਾ ਉਹ ਬਹੁਤ ਨਜਦੀਕੀ ਰਿਸ਼ਤੇਦਾਰ ਵੀ ਸੀਗਾ। ਤੇ ਉਹਨੇ ਝੰਡਾ ਲਹਿਰਾਉਣ ਆਉਣਾ ਸੀ, ਤੇ ਮੈਂ ਜਿਸ ਵੇਲੇ ਕਵਿਤਾ ਬੋਲੀ ਤਾਂ ਕਿਉਂਕਿ ਮੈਂ ਬਹੁਤ ਛੋਟਾ ਸੀਗਾ, ਇੱਕ ਦੁਬਲਾ ਪਤਲਾ ਸੀਗਾ ਤੇ ਉਹਨਾਂ ਨੂੰ ਕਵਿਤਾ ਬੜੀ ਪਸੰਦ ਆਈ। ਉਹਨੇ ਨੇ ਨਾ ਆਪਣੀ ਜਾਕੇਟ ਚੋਂ ਕੱਢ ਕੇ 5 ਰੁਪਏ ਦਾ ਨੋਟ ਕੱਢ ਕੇ ਮੈਨੂੰ ਦਿੱਤਾ। ਤੇ ਫਿਰ ਕਈ ਲੋਕਾਂ ਨੇ ਕਿਹਾ ਯਾਰ ਇਹ ਕਿਥੋਂ ਕਵਿਤਾ ਲਿਕ ਲੂ ਗਾ, ਨੱਕ ਤਾਂ ਪੂੰਝਣਾ ਨੀ ਆਉਂਦਾ ਐਡੇ ਕੁ ਜਵਾਕਾਂ ਨੂੰ, ਹੈਂ, ਗੋਇਲ ਸਾਹਿਬ ਨੇ ਲਿਖ ਕੇ ਦੇਤੀ ਹੋਊਗੀ। ਮੇਰੇ ਭਰਾ ਨੂੰ ਗੋਇਲ ਸਾਹਿਬ ਕਹਿੰਦੇ ਸੀ। ਸਾਡਾ ਗੋਤ ਗੋਇਲ ਆ। ਉਹ ਕਹਿੰਦਾ ਇੱਕ ਹੋਰ ਕਹਿੰਦਾ ਬੋਲੀ ਤਾਂ ਪਤੰਦਰ ਨੇ ਤੇਰੇ ਨੇ ਏਸ ਨੇ ਆਪ ਐ, ਉਹ ਤਾਂ ਨੀ ਗੋਇਲ ਸਾਹਿਬ ਨੇ ਬੋਲਤੀ। ਐਹੀਆਂ ਜਿਹੀਆਂ ਜਾਣੀ ਹੱਕ ਤੇ ਵਿਰੋਧ ਦੇ ਵਿੱਚ ਗੱਲਾਂ ਚੱਲੀਆਂ ਤੇ ਓਸ ਤੋਂ ਲੈ ਕੇ ਜਾਣੀ ਕਵਿਤਾ ਦਾ ਲਿਖਣ ਲਿਖਾਉਣ ਦਾ, ਕਹਾਣੀ ਦਾ ਐਸਾ ਦੌਰ ਚੱਲਿਆ ਕਿ ਹੁਣ ਮੇਰੀਆਂ 44 ਕਿਤਾਬਾਂ ਹਨ। ਜਦ ਕਿ ਮੇਰੀ ਨਿਗਾਹ 33 ਸਾਲ ਦੀ ਉਮਰ ਚ ਚਲੀ ਗਈ ਸੀ, ਅਰ ਦਸ ਸਾਲ ਤੋਂ ਘਟਦੀ ਘਟਦੀ ਜਾਣੀ ਨਿਗਾਹ 33 ਸਾਲ ਤੇ ਖਤਮ ਹੋ ਜਾਣੀ ਏਹ ਵੀ ਖਾਸੀ ਵੱਡੀ ਦੁਖਾਂਤ ਸੀ ਸਾਡੇ ਪਰਿਵਾਰ ਲਈ। ਇਹਦੇ ਬਾਵਜੂਦ ਰੱਬ ਸਬੱਬੀਂ ਜਾਣੀ ਮੇਰਾ ਕੰਮ ਰੁੜਦਾ ਰਿਹਾ ਔਰ ਰੁਕਿਆ ਨੀ ਕੰਮ। ਪਤਾ ਨਹੀਂ ਕਿਉਂ? ਪਤਾ ਨਹੀਂ ਜਾਂ ਤਾਂ ਮੇਰੇ ਅੰਦਰ ਈ ਕੋਈ ਐਸੀ ਗੱਲ ਸੀ ਜਾਂ ਪਤਾ ਨਹੀਂ ਕੁਦਰਤ ਵਲੀਓਂ ਈ ਕੋਈ ਐਸਾ ਵਰਦਾਨ ਸੀ ਕਿ ਹੁਣ ਵੀ ਮੈਂ ਲਿਖਦਾਂ। ਦੇਖੋ ਹੁਣ ਮੇਰੇ ਕੋਲ ਅਹਿ ਰਮਜਾਨ ਬੈਠਾ ਐ। ਇਕ ਉਹ ਲੜਕੀ ਐ ਜਿਹੜੀ ਚਾਹ ਬਣਾਉਂਦੀ ਐ, ਇਹ ਦੋ ਮੇਰੇ ਕੋਲੇ ਜਾਣੀ ਕੰਮ ਕਰਦੇ ਹੈਗੇ। ਦੋਹਾਂ ਮੈਂ ਥੋੜੀ ਬਹੁਤੀ ਤਨਖਾਹ ਦਿੰਨਾ। ਰਟਾਇਰ ਹੋਣ ਤੋਂ ਬਾਅਦ ਕਦੇ ਵਹਿਲਾ ਨਹੀਂ ਰਿਹਾ ਔਰ ਸਰਕਾਰੀ ਨੌਕਰੀ ਵੀ ਜਦੋਂ ਮੈਂ ਕੀਤੀ ਆਂ, ਉਦੋਂ ਵੀ ਕੋਈ ਨਾ ਕੋਈ ਸਹਾਇਕ ਮੇਰੇ ਨਾਲ ਰਿਹਾ। ਕਿਉਂਕਿ ਏਥੇ ਮੈਂ ਕਾਲਜ ਚ 21 ਸਾਲ ਬਤੌਰ ਪੰਜਾਬੀ ਪ੍ਰੋਫੈਸਰ ਕੰਮ ਕੀਤਾ ਤੇ ਓਸ ਸਮੇਂ ਦੇ

ਦੌਰਾਨ ਵੀ ਇੱਕ ਵਿਅਕਤੀ ਹਮੇਸ਼ਾਂ ਮੇਰੇ ਨਾਲ ਰਿਹਾ ਔਰ ਬਤੌਰ ਅਧਿਆਪਕ ਵੀ, ਬਤੌਰ ਲੇਖਕ ਵੀ, ਬਤੌਰ ਬੁਲਾਰੇ ਵੀ ਮੈਨੂੰ ਕਦੇ ਕੋਈ ਇਹ ਨਹੀਂ ਮਹਿਸੂਸ ਹੋਇਆ ਕਿ ਮੈਨੂੰ ਕਦੇ ਬਹੁਤ ਵੱਡੀ ਮੁਸ਼ਕਲ ਆਈ ਆ। ਮੁਸ਼ਕਲਾਂ ਤਾਂ ਆਈਆਂ ਪਰ ਕਦੇ ਮੈਨੂੰ ਇਹ ਨਹੀਂ ਲੱਗਿਆ ਬਈ ਭਾਈ ਮੇਰੀ ਤਾਂ ਜ਼ਿੰਦਗੀ ਨਖਿੱਧ ਐ, ਇਹਦਾ ਤਾਂ ਕੋਈ ਫਾਇਦਾ ਈ ਨਹੀਂ ਹੈ। ਇਹ ਮੈਂ ਕਦੇ ਨਹੀਂ ਸੋਚੀ।

ਸਭਾ, ਜਿਸ ਤਰਾਂ ਮੈਂ ਤੁਹਾਨੂੰ ਦੱਸਿਆ ਕਿ 1956 ਚ ਉਥੇ ਨਾ ਕਲਚਰਲ ਐਂਡ ਲਿਟਰੇਰੀ ਸੁਸਾਇਟੀ ਬਣੀ। ਔਰ ਉਹ ਬਣੀ ਵੀ ਬੜੇ ਖਾਸ ਮਕਸਦ ਨੂੰ ਲੈ ਕੇ ਕਿ 1857 ਦੇ ਸ਼ਹੀਦਾਂ ਦੀ ਸ਼ਤਾਬਦੀ ਮਨਾਉਣੀ ਆ। ਕਿਉਂਕਿ ਉਹਦਾ ਪ੍ਰਧਾਨ ਮੇਰਾ ਭਰਾ ਖੁਦ ਲੇਖਕ ਸੀ। ਉਹ ਉਰਦੂ, ਪੰਜਾਬੀ ਤੇ ਹਿੰਦੀ ਦਾ ਵਧੀਆ ਕਵੀ ਸੀ। ਇਹ ਵੱਖਰੀ ਗੱਲ ਐ ਕਿ ਇੱਕ ਕਵੀ ਦੇ ਤੌਰ ਦੇ ਉਤੇ, ਉਹਨੂੰ ਉਹ ਪ੍ਰਸਿਧੀ ਨੀ ਮਿਲੀ ਜਿਹੜਾ ਮੇਰੇ ਵਰਗਾ ਲੈ ਗਿਆ ਔਰ ਉਹਨਾਂ ਦੀਆਂ ਕਵਿਤਾਵਾਂ ਦੇਸ਼ ਭਗਤੀ ਦੀਆਂ ਵੀ ਮੈਂ ਤੁਹਾਨੂੰ ਸੁਣਾ ਸਕਦਾ, ਜੁਬਾਨੀ ਜਿਹੜੀਆਂ ਮੇਰੇ ਯਾਦ ਐ; ਮਹਾਂਭਾਰਤ ਉਤੇ ਜੋ ਕੁਝ, ਉਹ ਵੀ ਮੈਂ ਤੁਹਾਨੂੰ ਸੁਣਾ ਸਕਦਾ। ਜਿਹੜੀ ਕਮਿਊਨਿਸਟ ਵਿਚਾਰਧਾਰਾ ਨਾਲ ਜਾ ਕੇ ਉਹ ਰਲਦੀ ਐ, ਉਹੋ ਜਿਹੀ ਕਵਿਤਾ ਵੀ ਮੈਂ ਤੁਹਾਨੂੰ ਸੁਣਾ ਸਕਦਾਂ। ਏਸ ਕਰਕੇ ਸਾਡੇ ਘਰ ਦੇ ਵਿੱਚ ਕੋਈ ਕਿਸੇ ਕਿਸਮ ਦੇ ਜੇ ਕੋਈ ਕਵਿਤਾ ਜਾਂ ਕਹਾਣੀ ਲਿਖੀ ਜਾਂਦੀ, ਸਾਡੇ ਤੇ ਕੋਈ ਪਾਬੰਦੀ ਕਿਸੇ ਕਿਸਮ ਦੀ ਨਹੀਂ ਸੀ। ਔਰ ਕਈ ਵਾਰ ਮੇਰਾ ਭਰਾ ਮੈਨੂੰ ਕਹਿੰਦਾ ਯਾਰ ਮੈਨੂੰ ਇੱਕ ਕਹਾਣੀ ਚਾਹੀਦੀ ਆ, ਕਹਾਣੀ ਲਿਖਦੇ। ਮੇਰਾ ਭਰਾ ਕਹਾਣੀ ਨਹੀਂ ਲਿਖਦਾ ਹੁੰਦਾ ਸੀ। ਇੱਕ ਵਾਰੀ ਮੈਂ ਦੋ ਕਹਾਣੀਆਂ ਉਸਨੂੰ ਲਿਖ ਕੇ ਭੇਜੀਆਂ, ਉਹਨੇ ਬੀ ਐਡ ਕਰਨੀ ਸੀਗੀ। ਇੱਕ ਵਾਰੀ ਉਹਨੂੰ ਪੰਜਾਬੀ ਦੀ ਕਹਾਣੀ ਚਾਹੀਦੀ ਸੀਗੀ। ਮੈਂ ਜਿਹੜੀ ਸਭ ਤੋਂ ਪਹਿਲਾਂ ਕਹਾਣੀ ਲਿਖੀ, ਉਹ ਸਾਡੇ ਭਰਾ ਵਾਸਤੇ ਲਿਖੀ ਔਰ ਉਹ ਉਥੇ ਪਹਿਲੇ ਨੰਬਰ ਤੇ ਰਹੀ ਡੀ ਐਮ ਟਰੇਨਿੰਗ ਕਾਲਜ ਮੋਗੇ, ਇਹ 1962-63 ਦੀ ਗੱਲ ਐ। ਇੱਕ ਵਾਰ ਫਿਰ ਹਿੰਦੀ ਚ ਕਹਾਣੀ ਲਿਖੀ 'ਬਾਂਸੁਰੀ'। ਸੋ ਇਸ ਤਰਾਂ ਨਾਲ ਜਾਣੀ ਸਾਡੇ ਦੋਹਾਂ ਭਰਾਵਾਂ ਦੇ ਵਿੱਚ ਆਪਸੀ ਸਾਂਝ ਏਨੀ ਕੁ ਸੀ ਕਿ ਅਸੀਂ ਇੱਕ ਦੂਜੇ ਦੇ ਵਿਚਾਰਾਂ ਨਾਲ ਭਵਾਂ ਪੂਰੀ ਤਰਾਂ ਨਾਲ ਸਹਿਮਤ ਨਾ ਵੀ ਹੋਵਾਂਗੇ, ਪਰ ਸਾਡਾ ਵਿਗਾੜ ਵਿਚਾਰਧਾਰਾ ਕਰਕੇ ਨੀ ਪਿਆ। ਉਹਦਾ ਮਕਸਦ ਤਾਂ ਜਿਹੜੀ ਨਾ ਬਣੀ 1956 ਚ, ਉਹਦਾ ਮਕਸਦ ਸਿਰਫ ਇਕੋ ਸੀ ਕਿ 1857 ਦੇ ਸ਼ਹੀਦਾਂ ਦਾ ਹਫਤਾ ਮਨਾਉਣਾ, ਮਕਸਦ ਇਕੋ ਈ ਸੀ। ਉਹਦੇ ਵਿੱਚ ਦੇਸ਼ ਭਗਤੀ ਦੀ ਭਾਵਨਾ ਜਿਆਦਾ ਸੀ, ਖੱਬੀ ਰਾਜਨੀਤੀ ਦਾ ਕੋਈ ਬਹੁਤਾ ਦਖਲ ਨਹੀਂ ਸੀ, ਬਹੁਤਾ ਨੀ ਹੈ ਈ ਨਹੀਂ ਸੀਗਾ। ਔਰ ਓਹਦੇ ਵਿੱਚ ਜਿਹੜੇ ਬੰਦੇ ਸਨ, ਤੁਸੀਂ ਦੇਖੋ ਮੇਰਾ ਭਰਾ ਆਰ ਐਸ ਐਸ ਸੀ, ਦੂਜਾ ਜਿਹੜਾ ਬੰਦਾ ਸੀ ਓਮ ਪ੍ਰਕਾਸ਼ ਕਪਿਲ ਉਹ ਕਿਸੇ ਹੱਦ ਤੱਕ ਲਿਫਟ ਸੀ, ਥੋੜਾ ਜਿਹਾ ਔਰ ਉਹਦੇ ਨਾਲ ਇੱਕ ਪ੍ਰਕਾਸ਼ ਚੰਦ ਵਕੀਲ ਹੁੰਦਾ ਸੀਗਾ, ਉਹ ਉਦੋਂ ਪਰਜਾ ਸ਼ੋਸ਼ਲਿਸਟ ਪਾਰਟੀ ਹੁੰਦੀ ਸੀ ਇੱਕ, ਉਹ ਉਹਦੇ ਮੈਂਬਰ ਸਨ ਔਰ ਇਸੇ ਤਰਾਂ ਕੁਛ ਹੋਰ ਲੋਕ ਸਨ, ਇਹਨਾਂ ਦਾ ਕਿਸੇ ਰਾਜਨੀਤੀ ਨਾਲ ਕੋਈ ਸੰਬੰਧ ਨਹੀਂ ਸੀ। ਇਸ ਕਰਕੇ ਉਹ ਜਿਹੜਾ ਸੰਗਠਨ ਸੀ ਨਾ, ਅੱਛਾ ਉਦੂੰ ਡੇਢ ਕੁ ਸਾਲ ਬਾਅਦ ਨਾ ਓਥੇ ਸਾਡਾ ਜਿਹੜਾ ਤਪਾ ਮੰਡੀ ਆ ਨਾ ਇਹ ਛੋਟੀ ਜਿਹੀ ਮੰਡੀ ਆ, ਪਰ ਅਮੀਰਾਂ ਦੀ ਮੰਡੀ ਆ, ਪੈਸਾ ਬਹੁਤ ਆ ਓਥੇ। ਜਦੋਂ ਦੇਖਿਆ ਨਾ ਇਹਦਾ ਕਾਫੀ ਪ੍ਰਭਾਵ ਬਣ ਗਿਆ ਏਥੇ ਗਿਆਨ ਸਿੰਘ ਰਾੜੇਵਾਲਾ ਏਥੇ ਪ੍ਰਧਾਨਗੀ ਕਰਨ ਆ ਗਿਆ, ਇਹਨਾਂ ਦੇ ਤਾਂ ਮੰਤਰੀਆਂ ਨਾਲ ਸੰਬੰਧ ਬਣ ਜਾਣਗੇ। ਉਹਨਾਂ ਅਮੀਰ ਲੋਕਾਂ ਨੇ ਕੋਸ਼ਿਸ਼ ਕੀਤੀ ਕਿ ਕਲਚਰ ਜਿਹੜਾ ਹੈਗਾ ਲਿਟਰੇਰੀ ਸੁਸਾਇਟੀ ਤੇ ਸਾਡਾ ਕਬਜਾ ਹੋਜੇ, ਪ੍ਰੰਤੂ ਅਸੀਂ ਦਾ ਕਿਸੇ ਦਾ ਕਬਜਾ ਨਹੀਂ ਹੋਣ ਦਿੱਤਾ, ਉਦੂੰ ਤਿੰਨ ਕੁ ਸਾਲ ਬਾਅਦ ਉਹਦਾ ਵਿਘਟਨ ਹੋ ਗਿਆ, ਉਹਦੇ ਥਾਂ ਪੰਜਾਬੀ ਸਾਹਿਤ ਸਭਾ ਬਣ ਗਈ, ਜੀਹਦਾ ਮੈਂ ਪ੍ਰਧਾਨ ਬਣਿਆ। ਅਸੀਂ ਤਾਂ ਮੀਟਿੰਗਾਂ ਸੱਦਦੇ ਹੁੰਦੇ ਸੀ, ਉਹ ਜਮਾਨਾ ਇਹ ਸੀ, ਇਹ ਮਾਸਿਕ ਮੀਟਿੰਗ ਕਰਨਾ ਰਿਵਾਜ ਸੀ। ਹੁਣ ਤੱਕ ਰਾਮਪੁਰ ਸਭਾ ਜਿਹੜੀ ਏਥੇ ਲੁਧਿਆਣੇ ਕੋਲੇ, ਇਹਨਾਂ ਦੀ ਮਾਸਿਕ ਮੀਟਿੰਗ ਹੁੰਦੀ ਆ। ਉਦੋਂ ਭਾਵੇਂ ਪੰਜਾਬੀ ਸਾਹਿਤ ਸਭਾ ਬਰਨਾਲਾ ਸੀ, ਭਵਾਂ ਤਪਾ ਸੀ, ਭਵਾਂ ਰਾਮਪੁਰਾ ਫੂਲ ਸੀ, ਜਿੰਨੀਆਂ ਵੀ ਮੇਰੇ ਨੋਟਿਸ ਚ ਆ, ਭਵਾਂ ਮੋਗਾ ਸੀ। ਮੋਗੇ ਦੀ ਜਿਹੜੀ ਲਿਖਾਰੀ ਸਭਾ ਸੀ, ਉਹਦਾ ਕਰਤਾ ਧਰਤਾ ਜਰਨੈਲ ਸਿੰਘ ਸੇਖਾਂ ਸੀ, ਅੱਜਕੱਲ ਉਹ ਵਿਕਰਨ ਆ (?)। ਤੇ ਉਹ ਮੀਟਿੰਗਾਂ ਕਰਨੀਆਂ, ਕੱਲਾ ਕੱਲਾ ਬੰਦਾ ਆਪਣੀ ਕੱਲੀ ਕੱਲੀ ਰਚਨਾ ਪੜਦਾ ਔਰ ਉਸ ਰਚਨਾ ਤੇ ਵਿਚਾਰ ਹੋਣੀ, ਰਾਇ ਦਿੱਤੀ ਜਾਂਦੀ ਕਿ ਨਹੀਂ ਇਹਦੇ ਵਿੱਚ ਆਹ ਭਾਸ਼ਾ ਦਾ ਨੁਕਸ ਆ। ਆਹ ਤੁਹਾਡੇ ਵਿਚਾਰ ਦੇ ਪੱਖੋਂ

ਅਹਿ ਠੀਕ ਐ, ਆਹ ਵਿਚਾਰ ਪੱਖੋਂ ਸਾਨੂੰ ਗੱਲ ਜਚੀ ਨਹੀਂ ਹੈ, ਇਹ ਤੁਸੀਂ ਜਿਆਦਾ ਭਾਵੁਕ ਹੋ ਕੇ ਗੱਲ ਲਿਖਤੀ ਐ ਜਾਂ ਇਹਦੇ ਵਿੱਚ ਤੁਹਾਡੇ ਵਿਚਾਰ ਦੀ ਪ੍ਰਧਾਨਤਾ ਨਹੀਂ ਹੈ, ਇਸ ਤਰਾਂ ਦੀਆਂ ਮੀਟਿੰਗਾਂ ਹੁੰਦੀਆਂ ਸੀ। ਔਰ ਫਿਰ ਕਵੀ ਦਰਬਾਰਾਂ ਦਾ ਵੀ ਦੌਰ ਸੀ ਉਦੋਂ। ਜਾਨੀ ਵੱਡੇ ਪੱਧਰ ਤੇ ਕਵੀ ਦਰਬਾਰ ਹੁੰਦੇ ਸੀ। ਹਰ ਇੱਕ ਕਵੀ ਦਰਬਾਰ ਵਿੱਚ 10-10, 12-12 ਹਜਾਰ ਦਾ ਇਕੱਠ ਹੁੰਦਾ ਸੀ। ਹੁਣ 1857 ਦੇ ਵਿੱਚ ਇਕ ਤਪੇ ਕਵੀ ਦਰਬਾਰ ਹੋਇਆ ਸਾਹਿਤ ਸਭਾ ਬਰਨਾਲਾ ਵਲੋਂ, ਓ 1957 ਦੇ ਵਿੱਚ। ਉਸ ਇਕੱਠ ਦੀ ਗਿਣਤੀ 10 ਹਜਾਰ ਤੋਂ ਕਿਤੇ ਵੱਧ ਹੋਊਗੀ ਔਰ ਜਿਹੜੇ ਵੀ ਕਵੀ ਆ ਕੇ ਕਵਿਤਾ ਪੜਦੇ ਸੀਗੇ, ਲੋਕ ਉਹਨਾਂ ਨੂੰ ਆ ਕੇ ਦਾਦ ਦਿੰਦੇ ਸੀ। ਉਸ ਵੇਲੇ ਕਵੀ ਸੀ ਕ੍ਰਿਸ਼ਨ ਰਿਸ਼ਾਂਤ। ਹੁਣ ਕ੍ਰਿਸ਼ਨ ਰਿਸ਼ਾਂਤ ਨਹੀਂ ਹੈ। ਤੁਸੀਂ ਦੇਖੋ ਕ੍ਰਿਸ਼ਨ ਰਿਸ਼ਾਂਤ ਜਿਹੜਾ ਇਨਕਲਾਬੀ ਕਵੀ ਸੀ, ਬਾਅਦ ਦੇ ਵਿੱਚ ਜੋਤਸ਼ੀ ਬਣ ਗਿਆ ਔਰ ਅੰਮ੍ਰਿਤਾ ਪ੍ਰੀਤਮ ਉਹਦੀ ਬਹੁਤ ਵੱਡੀ ਸ਼ਰਧਾਲੂ ਰਹੀ ਐ।

ਤੇ ਮੇਰੇ ਕਹਿਣ ਦਾ ਭਾਵ ਕੀ ਐ ਉਸ ਸਮੇਂ ਜਿਹੜੇ ਕਵੀ ਆਏ, ਆਪਣਾ ਤਪਾ ਮੰਡੀ ਚ, ਆਪਣਾ ਸੁਰਜੀਤ ਰਾਮਪੁਰੀ ਵੀ ਉਸ ਕਵੀ ਦਰਬਾਰ ਵਿੱਚ ਸੀਗਾ, ਆਹ ਜਿਹੜਾ ਰਾਮਪੁਰ ਦਾ ਹੈਗਾ। ਤੇ ਬਹੁਤ ਸਾਰੇ ਹੋਰ ਵੀ ਕਵੀ ਸਨ, ਮੈਨੂੰ ਨਾ ਪੂਰੇ ਯਾਦ ਨਹੀਂ ਵੀ ਆ, ਔਰ ਚੰਗੇ ਚੰਗੇ ਨਾਮੀ ਕਵੀਆਂ ਨੇ ਉਹਨਾਂ ਵਿੱਚ ਭਾਗ ਲਿਆ। ਔਰ ਕਵੀ ਦਰਬਾਰ ਕਰਵਾਉਣਾ ਇੱਕ ਤਾਂ ਮਕਸਦ ਸਭਾਵਾਂ ਦਾ ਵੀ ਸੀ, ਇੱਕ ਪੁਲਟੀਕਲ ਪਾਰਟੀਆਂ ਦਾ ਵੀ ਸੀ। ਖਾਸ ਕਰ ਕਮਿਊਨਿਸਟ ਪਾਰਟੀਆਂ ਸੀ ਨਾ, ਉਹ ਜਿਹੜਾ ਕੋਈ ਆਪਣਾ ਜਲਸਾ ਰੱਖਦੇ ਸੀ, ਦੋ ਚੀਜਾਂ ਤੋਂ ਸ਼ੁਰੂ ਕਰਦੇ ਜਾਂ ਤਾਂ ਕਵੀ ਦਰਬਾਰ ਕਰਵਾਉਂਦੇ ਜਾਂ ਡਰਾਮੇ ਕਰਵਾਉਂਦੇ। ਡਰਾਮੇ ਵੀ ਪੰਜਾਬੀ ਦੇ ਹੁੰਦੇ, ਕਵੀ ਦਰਬਾਰ ਵੀ ਪੰਜਾਬੀ ਦਾ ਹੁੰਦਾ। ਏਸ ਕਾਰਨ ਜਿਹੜਾ ਓਹ ਜਿਹੜਾ ਦੌਰ ਸੀਗਾ, ਉਹ ਲੋਕਾਂ ਦੇ ਵਿੱਚ ਆਮ ਲੋਕਾਂ ਦੀਆਂ ਗੱਲਾਂ ਨੂੰ ਆਮ ਲੋਕਾਂ ਦੀ ਭਾਸ਼ਾ ਵਿੱਚ ਪਰਚਾਰਨ ਦਾ ਦੌਰ ਸੀ ਔਰ ਏਸੇ ਕਾਰਨ ਜਿਹੜਾ ਹੈਗਾ ਨਾ 1970-72 ਤੱਕ ਲੋਕ ਪੰਜਾਬੀ ਸਾਹਿਤ ਨਾਲ, ਪੰਜਾਬੀ ਲੋਕਧਾਰਾ ਨਾਲ ਬਹੁਤ ਜੁੜੇ ਰਹੇ ਆ। ਹੁਣ ਲੋਕਾਂ ਦਾ ਰੁਝਾਨ ਸਾਹਿਤ ਨਾਲ ਉਸ ਤਰਾਂ ਦਾ ਨਹੀਂ ਹੈ, ਜਿਹੜਾ 1970-72 ਤੱਕ ਰਿਹਾ ਐ।

ਸਾਡਾ ਮਕਸਦ ਏਹ ਸੀ, ਸਾਡੇ ਦਿਮਾਗ ਵਿੱਚ ਪੰਜਾਬੀ ਭਾਸ਼ਾ ਦੀ ਸੇਵਾ ਦੀ ਵੀ ਨੀ ਗੱਲ ਸੀ। ਸਾਡੇ ਦਿਮਾਗ ਦੇ ਵਿੱਚ ਮੈਂ ਜਾਂ ਮੇਰੇ ਵਰਗੇ ਹੋਰ ਦੋਸਤ ਸੀਗੇ, ਅਸੀਂ ਚਾਹੁੰਦੇ ਸੀ ਕਿ ਅਸੀਂ ਸਮਾਜ ਨੂੰ ਬਦਲਣਾ, ਨਵਾਂ ਸਮਾਜ ਸਥਾਪਿਤ ਕਰਨਾ। ਜੀਹਦੇ ਵਿੱਚ ਦੇਸ਼ ਭਗਤੀ ਹੋਵੇ, ਜੀਹਦੇ ਵਿੱਚ ਲੋਕ ਭਗਤੀ ਹੋਵੇ, ਜੀਹਦੇ ਵਿੱਚ ਇਮਾਨਦਾਰੀ ਹੋਵੇ ਔਰ ਜੀਹਦੇ ਵਿੱਚ ਸਮਾਜ ਦਾ ਜਿਹੜਾ ਕੋਹੜ ਐ ਉਸ ਨੂੰ ਖਤਮ ਕਰਕੇ ਬਹੁਤ ਸਿਹਤਮੰਦ ਸਮਾਜ ਦੀ ਅਸੀਂ ਸਥਾਪਨਾ ਕਰ ਸਕੀਏ। ਇਸੇ ਕਰਕੇ ਉਹ ਦੌਰ ਐਸਾ ਸੀ ਜੀਹਦੇ ਵਿੱਚ ਕਲਾ ਜਿਹੜੀ ਸੀ, ਉਹਦੀ ਪ੍ਰਧਾਨਤਾ ਨਹੀਂ ਸੀ। ਆਰਟ ਫਾਰ ਆਰਟ ਸੇਕ ਜਿਹੜਾ ਹੁੰਦਾ, ਨਾਅਰਾ ਸੀ ਉਸਨੂੰ ਅਸੀਂ ਰੱਦ ਕਰਦੇ ਸੀਗੇ। ਅਸੀਂ ਕਹਿੰਦੇ ਸੀ ਕਲਾ ਸਮਾਜ ਵਾਸਤੇ ਐ, ਕਲਾ ਕਲਾ ਵਾਸਤੇ ਨਹੀਂ ਹੈ। ਅਸੀਂ ਕਹਿੰਦੇ ਸੀ ਭਾਵੇਂ ਸਿੱਧੀ ਭਾਸ਼ਾ ਚ ਲਿਖੋ ਗੱਲ, ਪ੍ਰੰਤੂ ਉਹ ਗੱਲ ਲਿਖੋ ਜਿਹੜੀ ਲੋਕਾਂ ਨੂੰ ਸਮਝ ਆਵੇ, ਭਵਾਂ ਥੋਡੀ ਕਵਿਤਾ ਹੈ, ਭਵਾਂ ਥੋਡੀ ਕਹਾਣੀ ਹੈ।

ਜਿਵੇਂ ਕੇਂਦਰੀ ਪੰਜਾਬੀ ਲੇਖਕ ਸਭਾ ਬਣੀ ਨਾ, ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ 1979 ਦਾ ਜੁੜਿਆਂ, 79 ਦਾ ਜਿਸ ਵੇਲੇ ਮੇਰੀ ਆਪਣੀ ਜਾਣੀ ਕਾਫੀ ਸਮਝ ਬਣ ਗਈ ਸੀ। ਮੈਂ ਕੇਂਦਰੀ ਲੇਖਕ ਸਭਾ ਦੇ ਜਿਹੜੇ ਪ੍ਰਭਾਵਸ਼ਾਲੀ ਮੈਂਬਰਾਂ ਉਤੇ ਆਪਣਾ ਪ੍ਰਭਾਵ ਵੀ ਪਾਉਂਦਾ ਸੀ। ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਸੰਤ ਸਿੰਘ ਸੇਖੋਂ ਜਾਣੀ ਜਿੰਨੇ ਵੀ ਵੱਡੇ ਲੇਖਕ ਸਨ, ਸਾਰਿਆਂ ਨਾਲ ਮੇਰਾ ਆਉਣ ਜਾਣ ਸੀ। ਸਾਰਿਆਂ ਨੂੰ ਮੈਂ ਆਪਣੀ ਗੱਲ ਕਹਿ ਸਕਦਾ ਸੀ, ਉਹ ਮੇਰੀ ਗੱਲ ਸੁਣਦੇ ਸਨ। ਔਰ 1983 ਦੇ ਵਿੱਚ ਮੇਰਾ ਸ਼ਾਇਦ 12 ਜੁਲਾਈ 1983 ਦੀ ਗੱਲ ਐ, ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਹੋਈ ਖਲਾਸਾ ਕਾਲਜ ਲੁਧਿਆਣੇ ਦੇ ਵਿੱਚ। ਉਹਦੇ ਵਿੱਚ ਸੰਤ ਸਿੰਘ ਸੇਖੋਂ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਗਏ। ਤੇਰਾ ਸਿੰਘ ਚੰਨ ਤੁਸੀਂ ਸ਼ਾਇਦ ਨਾਂ ਸੁਣਿਆ ਹੋਵੇਗਾ, ਉਹ ਉਹਨਾਂ ਦੇ ਮੁਕਾਬਲੇ ਚ ਤੇਜਵੰਤ ਸਿੰਘ ਮਾਨ ਖੜੇ ਹੋਏ ਤਾਂ 36 ਵੋਟਾਂ ਦੇ ਫਰਕ ਨਾਲ ਤੇਰਾ ਸਿੰਘ ਚੰਨ ਚੋਣ ਜਿੱਤ ਗਏ। ਪੰਜ ਮੀਤ ਪ੍ਰਧਾਨ ਜਿੱਤ ਰਹੇ ਸਨ ਅਤੇ ਤਿੰਨ ਸਕੱਤਰ ਜਿੱਤ ਰਹੇ ਸਨ। ਉਹ ਮੀਤ ਪ੍ਰਧਾਨ ਵਾਸਤੇ ਪ੍ਰਿੰਸੀਪਲ ਸੁਜਾਨ ਸਿੰਘ ਨੇ, ਮੈਨੂੰ ਵੀ ਕਹਿੰਦਾ ਤੂੰ ਵੀ ਖੜਾ

ਹੋਜਾ। ਮੈਂ ਕਿਹਾ ਜੀ, "ਜੇ ਮੈਂ ਹਾਰ ਗਿਆ", ਕਹਿੰਦੇ, "ਜੇ ਹਾਰ ਗਿਆ, ਫੈਰ ਕੀ ਹੋਜੂਗਾ?" ਮੈਂ ਖੜਾ ਹੋ ਗਿਆ, ਓਸ ਵੇਲੇ ਡਾ. ਰਘਬੀਰ ਸਿੰਘ ਜਨਰਲ ਸਕੱਤਰ ਸੀਗੇ ਪੰਜਾਬੀ ਲੇਖਕ ਸਭਾ ਦੇ, ਪ੍ਰਧਾਨ ਸੀ ਪ੍ਰੋ. ਪ੍ਰੀਤਮ ਸਿੰਘ। ਮੇਰੀ ਪਿੱਠ ਤੇ ਜਾਣੀ ਸਭ ਤੋਂ ਵਧੀਆ ਲੇਖਕ ਓਸ ਵੇਲੇ ਜਿਹੜਾ ਬੜਾ ਹਰਮਨ ਪਿਆਰਾ ਵੀ ਸੀ, ਉਹ ਸੀ ਸੁਰਿਦਰ ਸਿੰਘ ਨਰੂਲਾ, ਨਾਂ ਤੁਸੀਂ ਸੁਣਿਆ ਹੋਣਾ ਲੁਧਿਆਣੇ ਦਾ, ਪ੍ਰਸਿੱਧ ਨਾਵਲਕਾਰ ਸਨ। ਤੇ ਮੈਂ ਕਹਿਾ ਨਰੂਲਾ ਸਾਹਿਬ, "ਮੈਂ ਖੜ ਜਾਂ?" ਕਹਿੰਦਾ, "ਖੜਜਾ, ਮੈਂ ਤੇਰਾ ਪ੍ਰਚਾਰ ਕਰੂੰਗਾ" ਮੈਂ ਜੀ ਆਪਦਾ, ਓਸ ਵੇਲੇ ਪਹਿਲਾਂ ਤਾਂ ਨੀ ਕਾਗਜ ਭਰੇ ਜਾਂਦੇ, ਮੌਕੇ ਤੇ ਨਾ ਆਉਂਦੇ ਸੀ, ਮੌਕੇ ਦੇ ਉਤੇ ਜਦੋਂ ਨਾਂ ਆਇਆ ਤਾਂ ਉਥੇ ਫਿਰ ਮੌਕੇ ਤੇ ਹਾਂ ਕਰਾਂਉਂਦੇ ਸੀ। ਵੀਰ ਕਲਸੀ ਜਿਹੜੀ ਇਸਤਰੀ ਆਗੂ ਸੀ ਨਾ, ਸੀ. ਪੀ. ਦੇ ਵਿੱਚ ਕਾਫੀ ਪ੍ਰਭਾਵਸ਼ਾਲੀ ਰਹੀ ਆਂ, ਉਹ ਸੀਗੀ ਰਿਟਰਨਿੰਗ ਅਫਸਰ, ਡਾ. ਰਘਬੀਰ ਸਿੰਘ ਉਦੋਂ ਸੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਔਰ ਪ੍ਰੋ. ਪ੍ਰੀਤਮ ਸਿੰਘ ਪ੍ਰਧਾਨ ਸਨ ਤੇ ਮੈਂ ਪ੍ਰੋ. ਪ੍ਰੀਤਮ ਸਿੰਘ ਨੂੰ ਵੀ ਕਿਹਾ, "ਤੁਸੀਂ ਹੁਣ ਮੈਨੂੰ ਦੇਖੋ ਇਹਨਾਂ ਨੇ ਸਾਰੇ ਵੱਡੇ ਲੇਖਕਾਂ ਨੇ ਲਿਆ ਕੇ ਅੜਾ ਤਾਂ ਦਿੱਤਾ, ਮੈਂ ਤਾਂ ਬੜਾ ਕਮਜੋਰ ਜਿਹਾ ਆਦਮੀ ਆਂ, ਕਿਤੇ ਮੈਂ ਹਾਰ ਨਾ ਜਾਵਾਂ" ਕਹਿੰਦਾ, "ਤੂੰ ਹਾਰਦਾ ਨੀ, ਪਰਵਾਹ ਨਾ ਮੰਨ" ਤੇ ਕੁਦਰਤੀ ਐਸਾ ਹੋਇਆ ਕਿ ਮੈਂ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤਿਆ ਔਰ ਏਨੀਆਂ ਵੋਟਾਂ ਕਿ ਜਨਰਲ ਸਕੱਤਰ ਜਿਹੜਾ ਉਹ 36 ਵੋਟਾਂ ਦੇ ਫਰਕ ਨਾਲ ਜਿੱਤਿਆ, ਮੈਂ ਸਵਾ ਸੌ ਵੋਟ ਦੇ ਫਰਕ ਨਾਲ ਜਿੱਤਿਆ।

ਔਰ ਉਦੂੰ ਬਾਅਦ ਫੇਰ ਮੇਰਾ ਹੌਸਲਾ ਜਿਹਾ ਵਧ ਗਿਆ। ਫਿਰ ਮੈਂ ਬਹੁਤ ਜਾਣੀ ਕੇਂਦਰੀ ਸਭਾ ਨੂੰ ਸੰਗਠਨ ਕਰਨ ਵਾਸਤੇ ਕੰਮ ਕੀਤਾ ਔਰ ਉਦੂੰ ਬਾਅਣ ਜਾਣੀ 83 ਤੋਂ ਬਾਅਦ 84, 85 ਚ ਫੇਰ ਚੋਣ ਹੋਈ ਬਰਨਾਲੇ, ਕਿਉਂਕਿ ਇਹ ਜੰਗੀਰ ਸਿੰਘ ਜਗਤਾਰ ਓਸ ਵੇਲੇ ਸਾਡੇ ਹੱਕ ਚ ਨੀ ਸੀਗੇ। ਊਂ ਮੇਰੇ ਨਾਲ ਨੇੜਤਾ ਬਹੁਤ ਸੀ, ਪਰ ਉਹ ਮੇਰੇ ਹੱਕ ਚ ਨਹੀਂ ਸੀ ਔਰ ਤੇਜਵੰਤ ਮਾਨ ਵੀ ਮੇਰੇ ਨਾਲ ਨਹੀਂ ਸਨ। ਤੇ ਔਰ ਇਹ ਚਾਹੁੰਦੇ ਸਨ ਕਿ ਤੇਰਾ ਸਿੰਘ ਚੰਨ ਮੁੜ ਕੇ ਜਨਰਲ ਸਕੱਤਰ ਬਣੇ। ਅਸੀਂ ਸੰਤ ਸਿੰਘ ਸੇਖੋਂ ਨੂੰ ਪ੍ਰਧਾਨ ਵਾਸਤੇ ਖੜਾ ਕਰਤਾ, ਚੰਨ ਜੀ ਜਨਰਲ ਸਕੱਤਰ ਵਾਸਤੇ ਖੜੇ ਹੋ ਗਏ। ਮੇਰਾ ਨਾਂ ਮੀਤ ਪ੍ਰਧਾਨ ਵਾਸਤੇ ਆ ਗਿਆ ਕਿਉਂਕਿ ਮੀਤ ਪ੍ਰਧਾਨ ਤਾਂ 5 ਚੁਣੇ ਜਾਂਦੇ ਹੁੰਦੇ ਆ, ਇਸ ਕਰਕੇ ਬਹੁਤਾ ਹਾਰਨ ਦਾ ਸਕੋਪ ਤਾਂ ਨਹੀਂ ਸੀ, ਪਰ ਉਥੇ ਪੂਰਾ ਤਣਾਓ ਗਿਆ। ਬਰਨਾਲੇ ਜਦੋਂ ਚੋਣ ਹੋਈ, ਉਹਦੇ ਵਿੱਚ ਸਿਰਫ 6 ਵੋਟਾਂ ਦੇ ਫਰਕ ਨਾਲ ਤੇਰਾ ਸਿੰਘ ਚੰਨ ਮਾਨ ਕੋਲੋਂ ਜਿੱਤਿਆ ਔਰ ਸੰਤ ਸਿੰਘ ਸੇਖੋਂ ਦੇ ਮੁਕਾਬਲੇ ਉਤੇ ਜਿਹੜਾ ਜੰਗੀਰ ਸਿੰਘ ਜਗਤਾਰ ਹੁਣਾਂ ਨੇ ਬੰਦਾ ਖੜਾ ਕੀਤਾ, ਉਹਨੂੰ ਸਿਰਫ 34 ਵੋਟਾਂ ਪਈਆਂ ਔਰ ਉਦੋਂ ਜੰਗੀਰ ਸਿੰਘ ਜਗਤਾਰ ਵੀ ਚੋਣ ਜਿੱਤ ਗਿਆ, ਮੈਂ ਵੀ ਜਿੱਤ ਗਿਆ। ਮੈਂ ਜਗਤਾਰ ਨੂੰ ਕਿਹਾ, "ਜਗਤਾਰ, ਤੂੰ ਤਾਂ ਮੈਨੂੰ ਹਰਾਉਣ ਨੂੰ ਫਿਰਦਾ ਸੀ ਨਾ, ਮੈਂ ਚੋਣ ਜਿੱਤ ਗਿਆ"। ਮੈਨੂੰ ਹੱਸ ਕੇ, ਹੁਣ ਵੀ ਕਹਿੰਦਾ, ਮੈਨੂੰ ਜੀਜਾ ਕਹਿੰਦਾ, ਕਿਉਂਕਿ ਮੈਂ ਬਰਨਾਲੇ ਵਿਆਹਿਆ ਹੋਇਆਂ, ਕਹਿੰਦਾ ਮੈਂ ਆਂਪਦੇ ਜੀਜੇ ਨੂੰ ਹਰਾਉਣਾ ਥੋੜੀ ਸੀਗਾ ਹੈਂ? ਆਂਪਾਂ ਜੀਜਾ ਸਾਲਾ ਜਿੱਤ ਗਏ ਆਪਾਂ ਰਲ ਕੇ ਕੰ ਕਰਾਂਗੇ। ਤੇ ਇਸ ਤਰਾਂ, ਸੋ ਤੀਜੀ ਵਾਰੀ ਫਿਰ ਮੈਂ ਚੋਣ ਲੜੀ, ਉਹ ਲੁਧਿਆਣੇ ਨਹੀਂ ਉਹ ਜਲੰਧਰ ਹੋਈ ਸੀ, ਉਹ ਵੀ ਮੈਂ ਜਿੱਤ ਗਿਆ ਤੇ ਇਸ ਤਰਾਂ ਜਾਣੀ 1983 ਤੋਂ ਲੈ ਕੇ 2004 ਤੱਕ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਵਿੱਚ ਦੋ ਵਾਰੀ ਤਾਂ ਜਨਰਲ ਸਕੱਤਰ, ਤਿੰਨ ਵਾਰੀ ਮੀਤ ਪ੍ਰਧਾਨ, ਇੱਕ ਵਾਰੀ ਫਿਰ ਮੀਤ ਪ੍ਰਧਾਨ ਤੇ ਇੱਕ ਵਾਰ ਪ੍ਰਧਾਨ 2002 ਤੋਂ ਲੈ ਕੇ 2004 ਤੱਕ।

ਔਰ ਇਸ ਸਮੇਂ ਦੇ ਦੌਰਾਨ ਅਸੀਂ ਜੇਲ ਯਾਤਰਾ ਵੀ ਕੀਤੀ, ਗ੍ਰਿਫਤਾਰੀ ਵੀ ਦਿੱਤੀਆਂ ਪੰਜਾਬੀ ਭਾਸ਼ਾ, ਜਿਹੜਾ ਆਪਣਾ ਸੀਗਾ ਪੰਜਾਬੀ ਨੂੰ ਜਿਹੜਾ ਹੈਗਾ ਰਾਜ ਭਾਸ਼ਾਂ ਦੇ ਤੌਰ ਦੇ ਉਤੇ ਪ੍ਰਵਾਨ ਕਰਦੇ ਓ, ਪੰਜਾਬੀ ਦਫਤਰਾਂ ਦੇ ਵਿੱਚ ਲਾਗੂ ਕਰ ਦਿਓ ਕਿਉਂਕਿ ਇਹ ਸੰਨ ਹੈਗੀ 92-93 ਦੀ ਗੱਲ, ਫਿਰ ਉਦੂੰ ਬਾਅਦ ਹੈਗੀ 97-98 ਦੀ ਗੱਲ, ਦੋ ਵਾਰੀ। ਸਰਕਾਰ ਇੱਕ ਵਾਰੀ ਤਾਂ ਬੇਅਮਤ ਸਿੰਘ ਮੁੱਖ ਮੰਤਰੀ ਸੀ, ਜਦਕਿ ਬੇਅਮਤ ਸਿੰਘ ਮੇਰੇ ਵਾਕਫ ਸਨ, ਉਸ ਵੇਲੇ ਜਿਹੜੇ ਅਸੀਂ 11 ਬੰਦੇ ਗ੍ਰਿਫਤਾਰ ਹੋਏ ਸੀਗੇ, ਉਹਨਾਂ ਚੋਂ ਨੰਬਰ ਇੱਕ ਤੇ ਸੀ ਪ੍ਰੋ. ਪ੍ਰੀਤਮ ਸਿੰਘ, ਸੰਤ ਸਿੰਘ ਸੇਖੋਂ, ਪ੍ਰਿੰਸੀਪਲ ਸੁਜਾਨ ਸਿੰਘ ਔਰ ਸੰਤੋਖ ਸਿੰਘ ਧੀਰ, ਤੇਰਾ ਸਿੰਘ ਚੰਨ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ ਉਹ ਪੰਜਾਬੀ ਸਾਹਿਤ ਐਕਡਮੀ ਲੁਧਿਆਣਾ ਦੇ

ਉਸ ਵੇਲੇ ਜਨਰਲ ਸਕੱਤਰ ਸੀਗੇ, ਔਰ ਮੈਂ ਅਸੀਂ 10-11 ਬੰਦੇ ਗ੍ਰਿਫਤਾਰ ਹੋਏ। ਔਰ ਮਜੇ ਦੀ ਗੱਲ ਹੋਰ ਤੁਹਾਨੂੰ ਦੱਸਦਾਂ ਡਾ. ਗੁਰਚਰਨ ਸਿੰਘ ਹੁੰਦੇ ਸੀਗੇ, ਪ੍ਰੋਫੈਸਰ ਹੁੰਦੇ ਸੀਗੇ ਉਹ ਕਿਸੇ ਵੇਲੇ ਪਟਿਆਲੇ ਰਹੇ ਤੇ ਗ੍ਰਿਫਤਾਰੀ ਤੋਂ ਪਹਿਲਾਂ ਉਹਨਾਂ ਨੇ ਸਾਡੇ ਗਲ ਚ ਇੱਕ ਇੱਕ ਹਾਰ ਪਾਇਆ ਤੇ ਅਸੀਂ ਜਿਸ ਵੇਲੇ ਤੋਰਿਆ ਨਾ ਉਹ ਦਫਾ 144, ਉਹਦੇ ਨਾਲ ਡਾ. ਗੁਰਚਰਨ ਸਿੰਘ ਜਿਹੜਾ ਸੀ ਸੋਹਣਾ ਸੁਨੱਖਾ ਬੜਾ ਸੀ, ਗੋਰਾ ਚਿੱਟਾ ਔਰ ਬਤੌਰ ਲੇਖਕ ਵੀ ਉਹਦਾ ਨਾਂ ਸੀਗਾ ਕਾਫੀ। ਗ੍ਰਿਫਤਾਰੀ ਤੋਂ ਪਹਿਲਾਂ ਹਾਰ ਆਪਣਾ ਮੈਨੂੰ ਫੜਾ ਗਿਆ, ਕਹਿੰਦਾ ਚੱਕੋ ਮੈਂ ਆਉਨਾ ਹੁਣੇ ਈ, ਖਿਸਕ ਗਿਆ ਓਥੋਂ।

ਮੈਨੂੰ ਸੰਤੋਖ ਸਿੰਘ ਧੀਰ ਦਾ ਭਰਾ ਛੋਟਾ ਰੂਪ ਡਾ. ਕੰਵਰ ਸਿੰਘ ਰੂਪ ਕਹਿੰਦਾ, "ਤਰਸੇਮ, ਆਹ ਗੁਰਚਰਨ ਤਾਂ ਹਾਰ ਫੜਾ ਗਿਆ", ਮੈਂ ਕਿਹਾ, "ਕੋਈ ਨੀ ਤੂੰ ਪਾ ਲੈ", ਕਹਿੰਦਾ ਮੈਂ ਨੀ ਹੁਣ ਪਾਉਂਦਾ, ਹੁਣ ਵੀਰ ਤੇ ਪਿਤਾ ਜੀ ਗਏ ਆ। ਜਾਣੀ ਉਥੇ ਅਸੀਂ 10 ਬੰਦਿਆਂ ਨੇ ਗ੍ਰਿਫਤਾਰੀ ਦਿੱਤੀ, ਸੱਚ ਡਾ. ਹਰਚਰਨ ਸਿੰਘ ਵੀ ਸੀ ਉਦੋਂ, ਉਹ ਉਦੋਂ ਸਭਾ ਦੇ ਪ੍ਰਧਾਨ ਸੀ, ਮੈਂ ਜਨਰਲ ਸਕੱਤਰ ਸੀ, ਡਾ. ਹਰਚਰਨ ਸਿੰਘ ਨਾਟਕਕਾਰ ਤੁਸੀਂ ਸੁਣਿਆ ਹੋਣਾ, ਉਹ ਸਭਾ ਦੇ ਪ੍ਰਧਾਨ ਸਨ। ਜਿਸ ਵੇਲੇ ਗ੍ਰਿਫਤਾਰੀ ਦਿੱਤੀ, ਤੇ ਜਿਹਨਾਂ ਨੇ ਪਹਿਲਾਂ ਇਸ ਤਰਾਂ ਗ੍ਰਿਫਤਾਰੀ ਦਿੱਤੀ ਨੀ ਸਾ ਨਾ, ਉਹ ਅੱਚਬੀ ਜੀ ਕਰਨ ਕਿ ਆਪਾਂ ਨੂੰ ਛੱਡਣਗੇ ਵੀ ਕਿ ਨਹੀਂ, ਮੈਂ ਕਿਹਾ ਏਥੇ ਕਿਹੜਾ ਨਾਨਕੇ ਆਏ ਹੋਏ ਆਂ? ਚਾਰ ਕੁ ਵਜੇ ਸਾਡੇ ਵਾਸਤੇ ਛੋਲੇ ਵੀ ਆ ਗਏ, ਪੰਜ ਕੁ ਵਜੇ ਚਾਹ ਦੀਆਂ ਦੋ ਤਿੰਨ ਗੜਬੀਆਂ ਵੀ ਆ ਗਈਆਂ, ਕੱਪ ਜਿਹੇ ਵੀ ਆ ਗਏ, ਮੈਂ ਕਿਹਾ ਹੁਣ ਤਾਂ ਆਪਾਂ ਨੂੰ ਰੱਖਣਗੇ ਮਹੀਨਾ ਮਹੀਨਾ, ਜਮਾਨਤਾਂ ਕਰਵਾਉਣੀਆਂ ਪੈਣਗੀਆਂ। ਕਹਿੰਦਾ ਆਪਣਾ ਡਾ. ਹਰਚਰਨ ਸਿੰਘ ਕਹਿੰਦਾ, "ਤਰਸੇਮ ਸਿੰਘ, ਬੜੀਆਂ ਟਿੱਚਰਾਂ ਕਰੀ ਜਾਨੇ ਓ, ਤੁਸੀਂ ਤਾਂ ਸਰਕਾਰੀ ਮੁਲਾਜਮ ਓ, ਸਾਡਾ ਕੀ ਬਣੂੰਗਾ? ਅਸੀਂ ਤਾਂ ਬੁੜੇ ਆਂ, ਅਸੀਂ ਤਾਂ ਸਾਰੇ ਬੁੜੇ ਆਂ, ਤੇਰੀ ਨੌਕਰੀ ਦਾ ਕੀ ਬਣੂੰ?" ਮੈਂ ਕਿਹਾ, "ਮੇਰੀ ਨੌਕਰੀ ਦਾ ਫਿਕਰ ਨਾ ਕਰੋ, ਉਦੋਂ ਮੈਂ ਏਥੇ ਗੌਰਮਿੰਟ ਕਾਲਜ ਚ ਸੀ ਪ੍ਰੋਫੈਸਰ" ਮੈਂ ਕਿਹਾ ਤੁਸੀਂ ਡਾ. ਸਾਹਿਬ ਤੁਸੀਂ ਆਪਣੀ ਸਿਹਤ ਦਾ ਖਿਆਲ ਰੱਖੋ, ਮੇਰਾ ਨਾ ਫਿਕਰ ਕਰੋ। ਪੰਜ ਕੁ ਵਜੇ ਮੈਨੂੰ ਸੁਪਰਡੈਂਟ ਨੇ ਸੱਦਿਆ, ਜੇਲ ਵਾਲੇ ਨੇ, ਕਹਿੰਦਾ, "ਪ੍ਰੋ. ਸਾਹਿਬ ਜੇ ਥੋਨੂੰ ਛੱਡ ਦੀਏ?" ਮੈਂ ਕਿਹਾ, "ਜੀ ਤੁਸੀਂ ਐਡੀ ਛੇਤੀ, ਆਥਣ ਦੀ ਰੋਟੀ ਰਾਟੀ ਤਾਂ ਖੁਵਾ ਕੇ ਤੋਰੋ, ਹੈਂ ਆਏਂ ਤਾਂ ਨਾ ਕਰੋ। ਆਹ ਛੋਲਿਆਂ ਨਾਲ ਈ ਤੁਸੀਂ ਤਾਂ ਸਾਰਤਾ। ਬਾਹਰ ਜਾ ਕੇ ਅਸੀਂ ਥੋਡੀ ਬਦਨਾਮੀ ਕਰਾਂਗੇ। ਰੋਟੀ ਰੂਟੀ ਦਾ ਪ੍ਰਬੰਧ ਕਰੋ। ਉਹਨੇ ਆਖਿਆ ਬਈ ਇਹ ਤਾਂ ਹਾਲੇ ਕਾਇਮ ਐ, ਇਹ ਤਾਂ ਹਿੱਲਦੇ ਨੀ। ਕਹਿੰਦਾ, "ਪ੍ਰੋ. ਸਾਹਿਬ, ਕਾਹਨੂੰ? ਸਾਨੂੰ ਤਾਂ ਔਰਡਰ ਸੀਗਾ, ਪੰਜ ਵਜੇ ਤੱਕ ਰੱਖਣ ਦਾ, ਅਸੀਂ ਤਾਂ ਰੱਖ ਲਿਆ, ਲਓ ਹੁਣ ਅਸੀਂ ਤੁਹਾਡੇ ਸਾਹਮਣੇ ਹੱਥ ਜੋੜਦੇ ਆਂ", ਮੈਂ ਕਿਹਾ ਸਾਡਾ ਸਾਹਮਣੇ ਨਾ ਜੋੜੋ, ਜੇ ਜੋੜਨੇ ਨੇ ਨਾ ਸੰਤ ਸਿੰਘ ਸੇਖੋਂ, ਕਿਰਪਾਲ ਸਿੰਘ ਕਸੇਲ, ਮੈਂ ਤਾਂ ਨੇਤਰਹੀਨ ਆਂ, ਸੰਤ ਸਿੰਘ ਸੇਖੋਂ ਸਭ ਤੋਂ ਬਜੁਰਗ ਆਦਮੀ ਆ ਪ੍ਰੋ. ਪ੍ਰੀਤਮ ਸਿੰਘ ਉਹਨਾਂ ਦੇ ਸਾਹਮਣੇ ਹੱਥ ਜੋੜੋ, ਮੈਂ ਤਾਂ ਉਹਨਾਂ ਦਾ ਬੱਚਾ। ਮੈਂ ਤਾਂ ਉਹਨਾਂ ਦਾ ਸੇਵਾਦਾਰ ਆਂ। ਕਹਿੰਦਾ, ਚਲੋ ਮੈਂ ਉਥੇ ਚਲਾ ਜਾਨਾ। ਉਥੇ ਜਿਹੜਾ ਨਾ ਸੀਗਾ ਕਮਰੇ ਦੇ ਵਿੱਚ ਬੈਠੇ ਸੀਗੇ ਦਰੀਆਂ ਦੇ ਉਤੇ। ਉਹ ਕਹਿੰਦਾ, "ਆਪਣੇ ਲੇਖਕ ਸਹਿਬਾਨ, ਮੈਨੂੰ ਹੁਕਮ ਹੈ ਕਿ ਅਸੀਂ ਤੁਹਾਨੂੰ ਰਿਹਾਅ ਕਰਨਾ ਹੈ ਤੇ ਸਾਥੋਂ ਜਿਹੜੀ ਤੁਹਾਡੀ ਸੇਵਾ ਕਰਨੀ ਬਣਦੀ ਸੀ, ਉਹ ਤਾਂ ਨਹੀਂ ਹੋ ਸਕੀ, ਚਲੋ ਜੇ ਫਿਰ ਕਦੇ ਜੇ ਮੌਕਾ ਮਿਲਿਆ। ਮੈਂ ਕਿਹਾ, "ਹਾਂ, ਫਿਰ ਆਵਾਂਗੇ" ਮੈਂ ਕਿਹਾ ਦੱਸ ਦਿਓ ਕਦੋਂ ਇਹੋ ਜਿਹਾ ਸ਼ੁਭ ਮੌਕਾ ਮਿਲਾ, ਜਦੋਂ ਤੁਸੀਂ ਸਾਡੇ ਖਾਣ ਪੀਣ ਦਾ ਵਧੀਆ ਪ੍ਰਬੰਧ ਕਰਕੇ ਰੱਖੋ, ਉਦੋਂ ਆਜਾਂਗੇ। ਉਹ ਹਾਸੇ ਦੇ ਵਿਚੋਂ ਈ ਅਸੀਂ ਉਹ ਕਮਰੇ ਦੇ ਵਿਚੋਂ ਬਾਹਰ ਆ ਗਏ ਤੇ ਇਸ ਤਰਾਂ ਜਿੰਦਗੀ ਚ ਮੌਕਾ ਆਇਆ, ਜਿਹੜਾ ਕਿ ਮੈਨੂੰ ਪੂਰੀ ਤਰਾਂ ਯਾਦ ਐ।

ਮੇਰੀ ਆਟੋਬਾਇਓਗ੍ਰਾਫੀ ਦੇ ਵਿਚ ਚੈਪਟਰ ਐ ਜੇਲ ਯਾਤਰਾ। ਉਹ ਦਿਨ ਵੀ ਸਮਝੋ ਵਿਆਹ ਵਰਗੇ ਲੰਘੇ ਆ। ਕੋਈ ਐਸੀ ਗੱਲ ਨਹੀਂ ਸੀ, ਮੇਰੀ ਮਿਸਜ, ਇੱਕ ਏਥੋਂ ਔਰਤ ਹੁੰਦੀ ਸੀ ਰਾਮ ਮੂਰਤੀ ਸ਼ਰਮਾ, ਤੇ ਫਿਰ ਉਥੋਂ ਦੇ ਇੱਕ ਅਧਿਆਪਕ ਵੀ ਸਾਡੇ ਨਾਲ ਸੀਗੇ, ਉਹ ਹਰ ਹਫਤੇ ਮਿਲਣ ਆਉਂਦੇ ਤੇ ਮੇਰਾ ਬੇਟਾ ਜਿਹੜਾ, ਹੁਣ ਓਧਰ ਬੈਠਾ ਜਿਹੜਾ ਡਾਕਟਰ ਆ, ਇਹ ਉਦੋਂ ਛੋਟਾ ਜਿਹਾ ਸੀ ਤੇ ਔਰ ਇਸ ਤੋਂ ਛੋਟਾ ਇੱਕ, ਮੇਰੀ ਮਿਸਜ ਦੋਹਾਂ ਨੂੰ ਲੈ ਆਂਉਂਦੀ ਸੀ। ਮੇਰੇ ਵਾਸਤੇ ਪੌਜੇਟਿਵ ਪੁਆਂਇੰਟ ਇਹ ਸੀਗਾ ਕਿ ਉਹ

ਜਿਹੜਾ ਜੇਲ ਸੁਪਰਡੈਂਟ ਸੀ, ਉਹ ਮੋਗੇ ਕੋਲੇ ਪਿੰਡ ਸਲੀਂਹ ਆ ਸ਼ਾਇਦ ਤੁਸੀਂ ਸੁਣਿਆ ਹੋਣਾ, ਉਥੋਂ ਦੇ ਰਹਿਣ ਵਾਲਾ ਸੀ, ਉਥੇ ਮੇਰੀ ਭੈਣ ਵਿਆਹੀ ਹੋਈ ਸੀ। ਇਸ ਕਰਕੇ ਮੇਰਾ ਵਾਕਫ ਹੋ ਗਿਆ। ਏਸ ਕਰਕੇ ਜਿਸ ਵੇਲੇ ਵੀ ਮੇਰੀ ਮਿਸਜ ਤੇ ਮੇਰੇ ਬੱਚੇ ਮਿਲਣ ਆਉਂਦੇ, ਉਹ ਅੰਦਰ ਜਦੇ ਈ ਭੇਜ ਦਿੰਦਾ। ਬਾਕੀ ਲੋਕ ਤਾਂ ਜਿਹੜੀ ਉਥੇ ਹੈਗੀ ਆ ਨਾ ਡਿਊਡੀ, ਉਥੇ ਮਿਲ ਕੇ ਚਲੇ ਜਾਂਦੇ, ਤੇ ਇਹ ਫਿਰ ਸਾਰਾ ਦਿਨ ਉਥੇ ਰਹਿੰਦੇ, ਪਿਕਨਿਕ ਵਾਂਗੂੰ ਮਨਾ ਕੇ ਨਾ, ਰੋਟੀ ਰੂਟੀ ਆਪ ਲੈ ਕੇ ਆਉਂਦੇ, ਉਹ ਵੀ ਉਥੇ ਖਾਂਦੇ, ਫਲ ਵਗੈਰਾ ਤੇ ਜਿਹੜੀ ਸਾਡੀ ਜੇਲ ਦੀ ਰੋਟੀ ਹੁੰਦੀ, ਉਹ ਵੀ ਅਸੀਂ ਉਥੇ ਖਾਂਦੇ। ਤੇ ਜਾਂਦੇ ਹੋਏ ਆਹ ਜਿਹੜਾ ਮੇਰਾ ਵੱਡਾ ਬੇਟਾ ਆਹ ਜਿਹੜਾ ਦਾਣਿਆਂ ਦੀ ਨਾ, ਜਿਹੜੇ ਉਥੇ ਛੋਲੇ ਮਿਲਦੇ ਜੇਬ ਭਰ ਲਿਆਉਂਦਾ। ਤੇ ਇਸ ਤਰਾਂ ਨਾਲ ਜਿੰਦਗੀ ਜਿਹੜੀ ਆ, ਜੇ ਬੰਦਾ ਜਿਉਣ ਦਾ ਢੰਗ ਜਿਹਾ ਬਣਾ ਲੈ ਨਾ, ਉਹ ਬਹੁਤਾ ਦੁਖੀ ਨੀ ਹੁੰਦਾ ਮੇਰੇ ਹਿਸਾਬ ਨਾਲ, ਅਸੀਂ ਬੜੇ ਧਰਨੇ ਦਿੱਤੇ, ਬੜੇ ਮੁਜਾਹਰੇ ਕੀਤੇ, ਬੜੀ ਐਂ ਸਮਝਲੋ ਬਈ ਇਹ ਜਿਹੜਾ ਕੰਮ ਸੀ ਨਾ, ਜਿਵੇਂ ਜਿੰਦਗੀ ਦਾ ਚਾਓ ਜਿਹਾ ਚੜ ਜਾਂਦਾ ਹੁੰਦਾ, ਇਹੋ ਜਿਹੀ ਬਿਮਾਰੀ ਸੀ ਮੈਨੂੰ।

ਆਹ ਤੁਸੀਂ ਦੇਖੋ ਬੇਰੁਜਗਾਰ ਅਧਿਆਪਕਾਂ ਦਾ 1978 ਚ ਅੰਦੋਲਨ ਚੱਲਿਆ, ਉਦੋਂ ਮੈਂ ਸਕੂਲ ਮਾਸਟਰ ਸੀ ਤਪਾ ਮੰਡੀ ਚ। ਮੈਨੂੰ ਇੱਕ ਮਾਸਟਰ ਬੇਰੁਜਗਾਰਾਂ ਦਾ ਆ ਕੇ ਕਹਿੰਦਾ, ਕਹਿੰਦਾ, ਗੋਇਲ ਸਾਹਿਬ, ਕਹਿੰਦਾ ਅਸੀਂ 6 ਬੰਦਿਆਂ ਨੇ ਗ੍ਰਿਫਤਾਰੀ ਦੇਣੀ ਆ, ਪੰਜ ਬੰਦੇ ਤਾਂ ਹੋਗੇ, ਛੇਵਾਂ ਨੀ ਲੱਭਦਾ। ਮੈਂ ਕਿਹਾ, “ਲੱਭੋ ਕੋਈ” ਕਹਿੰਦਾ ਅਸੀਂ ਤਾਂ ਤੁਹਾਡੇ ਤੇ ਨਿਗਾਹ ਕਰਕੇ ਆਏ ਆਂ ਬਈ ਥੋਨੂੰ ਲੈ ਕੇ ਜਾਵਾਂਗੇ। ਮੈਂ ਕਿਹਾ ਬਈ ਮੈਂ ਚੱਲ ਵੜਦਾਂ। ਮੇਰੀ ਮਿਸਜ ਨੂੰ ਕਹਿੰਦੇ ਕਿਉਂ ਭੇਣਜੀ ਇਹਨਾਂ ਨੂੰ ਲੈਜੀਏ। ਉਹ ਕਹਿੰਦੀ, “ਇਹ ਤਾਂ ਤਿਆਰ ਈ ਰਹਿੰਦੇ ਆ, ਇਹਨਾਂ ਨੂੰ ਲ਼ੈਜੋ” ਉਹ ਮੈਨੂੰ ਲੈ ਗਏ। ਚੰਡੀਗੜ ਜਿਸ ਵੇਲੇ ਜਿੰਦਾਬਾਦ, ਮੁਰਦਾਬਾਦ ਕੀਤਾ, ਇੱਕ ਸਾਡੇ ਚ ਤਫਸਲੀ ਸੀ, ਤਫਸਲੀ ਮੂਵਮੈਂਟ ਨਕਸਲੀਆਂ ਦੇ ਹੱਥ ਚ ਸੀ ਉਹ ਬੇਰੁਜਗਾਰਾਂ ਦੀ। ਉਹਨੇ ਕੀ ਕੀਤਾ, ਇਕ ਐਸ ਐਚ ਓ ਸੀ, ਉਹਨੇ ਨੇ ਨਾ ਆਪਦੀਆਂ ਦੋਏ ਉਂਗਲਾਂ ਲੈ ਕੇ ਉਹਦੇ ਨੱਕ ਚ ਚੜ੍ਹਾਤੀਆਂ, ਉਹਨੇ ਲਾਠੀ ਚਾਰਜ ਸ਼ੁਰੂ ਕਰਵਾਤਾ, ਮੇਰੇ ਨਾਲ ਜਿਹੜਾ ਬੰਦਾ ਸੀਗਾ, ਗਿਆਨੀ ਰਘਬੀਰ ਸਿੰਘ ਮੇਰਾ ਦੋਸਤ, ਉਹ ਬੜਾ ਸਿਆਣਾ ਸੀ, ਉਹਨੂੰ ਇਹ ਸੀ ਕਿ ਕਿਤੇ ਇਹਨਾਂ ਦੇ ਸੱਟ ਸੁੱਟ ਨਾ ਲੱਗੇ, ਉਹ ਕਹਿੰਦਾ ਆਹ ਬਈ ਬੱਸ ਖੜੀ ਆ, ਆਪਾਂ ਨੂੰ ਲੈਣ ਆਏ ਆ ਇਹ, ਆਪਾਂ ਤਾਂ ਇਹਦੇ ਵਿੱਚ ਬਹਿਜੋ। ਉਹਨਾਂ ਨੇ ਬੋਚਕੇ ਜਿਹੇ ਮੈਨੂੰ ਬੱਸ ਚ ਬਿਠਾਤਾ। ਜਿਸ ਵੇਲੇ ਸਾਰੇ ਬਹਿ ਗਏ, ਫਿਰ ਸਾਨੂੰ 17 ਸੈਕਟਰ ਦੇ ਠਾਣੇ ਚ ਲੈ ਗਏ, ਕਾਗਜ ਪੱਤਰ ਤਿਆਰ ਹੋਏ। ਅੱਛਾ ਬਹੁਤ ਸਾਰੇ ਲੇਖਕਾਂ ਦੇ ਦਿਮਾਗ ਚ ਇਹ ਸੀ, ਇਹਨਾਂ ਲੇਖਕਾਂ ਦੀ, ਨਹੀਂ, ਮਾਸਟਰਾਂ ਦੀ ਦਿਮਾਗ ਚ ਸੀ ਕਿ ਸ਼ਾਇਦ ਛੱਡ ਦੇਣ, ਪਰ ਮੈਨੂੰ ਪਤਾ ਸੀ ਕਿ ਪਹਿਲੇ ਜਿਹੜੇ ਫੜੇ ਹੋਏ ਆ ਨਾ ਤਿੰਨ ਬੈਚ ਜਾਣੀ ਉਹਨੂੰ ਨੂੰ ਛੱਡਿਆ ਨਹੀਂ ਸੀ। ਮੈਂ ਕਿਹਾ ਛੱਡਣਾ ਛੁੱਡਣਾ ਇਹਨਾਂ ਨੇ ਕਿਤੇ ਨੀ ਹੈ, ਹੁਣ ਭੁਜਣਗੇ ਕਿਤੇ, ਜਿਹੜੇ ਦੂਜੇ ਮੈਨੂੰ ਤਿਆਰ ਕਰਕੇ ਲਿਸ਼ਆਏ ਸੀ ਨਾ, ਕਹਿੰਦੇ “ਕਿਥੇ ਭੇਜਣਗੇ?” ਮੈਂ ਕਿਹਾ, “ਤੂੰ ਪੁਛਿਆ, ਭਾਈ” ਕਹਿੰਦਾ, “ਨਾ, ਨਾ, ਸਰ, ਤੁਸੀਂ ਪੁੱਛੋ”, ਮੈਂ ਕਿਹਾ ਚੱਲ ਮੈਂ ਪੁੱਛ ਲੈਨਾ। ਮੈਂ ਕਿਹਾ, “ਠਾਣੇਦਾਰ ਸਾਹਿਬ, ਤੁਸੀਂ ਸਾਨੂੰ ਕਿਹੜੇ ਥਾਂ ਭੇਜ ਰਹੇ ਓ?” ਕਹਿੰਦਾ, “ਦੇਖੋ ਜੀ, ਇਹ ਤਾਂ ਸਾਨੂੰ ਹੁਕਮ ਨਹੀਂ ਹੈ ਦੱਸਣ ਦਾ, ਹਾਂ ਭੇਜਾਂਗੇ ਜਰੂਰ।” ਮੈਂ ਕਿਹਾ, “ਯਾਰ, ਵਧੀਆ ਜਿਹੇ ਥਾਂ ਭੇਜੀ, ਜਿਥੇ ਵੀ ਭੇਜਣਨਾ”, ਸਾਨੂੰ ਫਿਰ ਸੰਗਰੂਰ ਭੇਜਿਆ ਜੀ, ਸੰਗਰੂਰ ਅਸੀਂ ਫਿਰ ਦੋ ਮਹੀਨੇ ਜੇਲ ਚ ਰਹੇ। ਚਾਰ ਕੁ ਵਾਰੀ ਸਾਡੀਆਂ ਪੇਸ਼ੀਆਂ ਵੀ ਹੋਈਆਂ, 15-15 ਦਿਨ ਬਾਅਦ। ਉਹ ਜਿਹੜੀ ਮੇਰੀ ਜੇਲ ਯਾਤਰਾ ਸਭ ਤੋਂ ਲੰਬੀ ਸੀ ਤੇ ਉਥੇ ਵੀ ਬਤੌਰ ਲੇਖਕ ਦੇ ਤੌਰ ਤੇ ਜੇਲ ਦੇ ਵਿੱਚ ਮੈਂ ਇਕੱਲਾ ਈ ਲੇਖਕ ਸੀ, ਬਾਕੀ ਤਾਂ ਅਧਿਆਪਕ ਸਨ ਜਾਂ ਕੁਛ ਸਿਆਸੀ ਬੰਦੇ ਵੀ ਸਨ। ਉਥੇ ਸਤਪਾਲ ਡਾਂਗ, ਭਾਨ ਸਿੰਘ ਭੌਰਾ, ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਲੀਡਰ ਸਾਡੇ ਕੋਲ ਆ ਕੇ ਲੈਕਚਰ ਦੇ ਕੇ ਜਾਂਦੇ। ਮੈਂ ਵੀ ਸਾਹਿਤ ਬਾਰੇ, ਸਿਆਸਤ ਬਾਰੇ ਆਪਣੇ ਭਾਸ਼ਣ ਦਿੰਦਾ।

ਮੈਨੂੰ ਉਥੇ ਬੀ ਜੇ ਪੀ ਦੇ ਦੋ ਤਿੰਨ ਸਰ ਬੰਦੇ ਮਿਲੇ, ਗੁਰਦਾਸਪੁਰ ਦੇ। ਕਹਿੰਦੇ ਜੀ ਸਾਨੂੰ ਇਹ ਆਏਂ ਨੀ ਪਤਾ ਲੱਗਿਆ ਕਿ ਤੁਸੀਂ ਕਾਮਰੇਡ ਓਂ ਕਿ ਕੁਛ ਹੋਰ ਓਂ, ਕਹਿੰਦੇ ਕਦੇ ਤਾਂ ਤੁਸੀਂ ਦੇਸ਼ ਭਗਤੀ ਦੀ ਗੱਲ ਕਰਨ ਲੱਗ ਜਾਂਦੇ ਓ, ਕਦੇ ਤੁਸੀਂ ਸਮਾਜਵਾਦ ਦੀ ਗੱਲ ਕਰਨ ਲੱਗ ਜਾਂਦੇ ਓ। ਮੈਂ ਕਿਹਾ ਭਾਈ ਗੱਲ ਇਹ

ਆ ਕਿ ਦੇਸ਼ ਭਗਤੀ ਤੇ ਸਮਾਜਵਾਦ ਦੋ ਵੱਖਰੀਆਂ ਗੱਲਾਂ ਨਹੀਂ ਹਨ, ਇਹ ਤੇਰੇ ਰਿਕਾਰਡ ਵਿੱਚ ਵੱਖਰੀ ਗੱਲ ਹੋਊਗੀ। ਸਾਡੇ ਰਿਕਾਰਡ ਚ ਤਾਂ ਸਮਾਜਵਾਦ ਵੀ ਉਹੋ ਗੱਲ ਐ ਤੇ ਦੇਸ਼ ਭਗਤੀ ਵੀ।

ਮਤਲਬ ਜੇ ਤੁਸੀਂ ਇਮਾਨਦਾਰੀ ਨਾਲ ਗੱਲ ਕਰੋਗੇ, ਦੇਖੋ ਪਹਿਲਾਂ ਸਾਲ ਦੋ ਸਾਲ ਤਾਂ ਘਾਟਾ ਵੀ ਪੈਂਦਾ ਹੁੰਦਾ, ਜੇਬ ਚੋਂ ਪੈਸੇ ਵੀ ਖਰਚਣੇ ਪੈਂਦੇ ਆ। ਇੱਕ ਦਿਨ ਐਸਾ ਵੀ ਆਉਂਦਾ ਦੇਖੋ, ਆਮਦਨ ਦਾ ਸੌਦਾ ਤਾਂ ਇਹ ਹੈਨੀ ਗਾ ਕਿ ਇਹ ਬਹੁਤ ਵੱਡੀ ਦੁਕਾਨਦਾਰੀ ਆ। ਸਾਹਿਤ ਲਿਖਣਾ, ਉਹ ਗੁਲਸ਼ਨ ਵਰਗੇ ਬੰਦੇ ਆ, ਉਹਨੂੰ ਨੂੰ ਤਾਂ ਮਿਲ ਜਾਂਦੇ, ਜਿਹੜੇ ਨਾਵਲ ਲਿਖਦੇ ਆ ਬਾਜਾਰੀ, ਉਹ ਤਾਂ ਕਮਾਈ ਦਾ ਸੌਦਾ ਹੈਗਾ। ਮਤਲਬ ਜਿਹੜੇ ਜੈਨੁਅਨ ਰਾਈਟਰ ਆ ਨਾ, ਉਹ ਜੇ ਲਗਾਤਾਰ ਲਿਖਦੇ ਰਹਿਣ ਤੇ ਇਹ ਇਉਂ ਨਹੀਂ ਹੈ ਕਿ ਬਿਲਕੁਲ ਝੱਗਾ ਚੌੜ ਕਰਕੇ ਈ ਰਾਈਟਰ ਬਣਦੇ ਆ। ਪਰ ਲੋਕ ਝੂਠ ਮਾਰਨ ਲੱਗ ਜਾਂਦੇ ਆ ਲੇਖਕ ਬਈ ਮੈਂ ਤਾਂ ਪੱਟਿਆ ਗਿਆ, ਮੈਂ ਮਾਰਿਆ ਗਿਆ। ਮੇਰਾ ਤਾਂ ਐਸਾ ਕੋਈ ਨੁਕਸਾਨ ਨੀ ਹੋਇਆ। ਮੇਰੀਆਂ ਤਾਂ ਕਿਤਾਬਾਂ ਦੇ 4-4, 5-5- ਐਡੀਸ਼ਨ ਛਪੇ ਆ, ਮੈਂ ਇਹਨਾਂ ਨੂੰ ਜਿਹੜੇ ਪ੍ਰਕਾਸ਼ਕ ਆ ਉਹਨਾਂ ਨੂੰ ਇਹ ਕਹਿੰਦਾ ਹੁੰਦਾ ਕਿ ਮੈਨੂੰ ਦੱਸ ਦਿਆ ਕਰੋ ਕਿ ਕਹਿਵਾਂ ਐਡੀਸ਼ਨ ਆ? ਮੈਨੂੰ ਭਵਾਂ ਪੈਸੇ ਦਿਓ, ਭਵਾਂ ਨਾ ਦਿਓ, ਮੈਨੂੰ ਦੱਸ ਦਿਆ ਕਰੋ ਕਿ ਦੂਜਾ ਛਪ ਰਿਹਾ, ਜਾਂ ਇਹ ਤੀਜਾ ਸ਼ੁਰੂ ਹੋ ਗਿਆ ਜਾਂ ਅਸੀਂ ਨਵਾਂ ਛਾਪਣ ਲੱਗੇ ਆਂ। ਕਿਤਾਬ ਭਾਵੇਂ ਪਹਿਲਾਂ ਤਾਂ ਬਹੁਤ ਵਿਕਦੀ ਹੁੰਦੀ, ਓਂਜ ਤੋਂ 1980-85 ਤੱਕ, ਹੁਣ ਕਿਤਾਬ ਉਨੀ ਨੀ ਵਿਕਦੀ, ਪਰ ਫਿਰ ਵੀ ਕੁਛ ਲੇਖਕਾਂ ਦੀਆਂ ਕਿਤਾਬਾਂ ਵਿਕਦੀਆਂ ਨੇ। ਮੇਰੀਆਂ ਤਾਂ ਕਿਤਾਬਾਂ ਲੱਗਭੱਗ ਸਾਰੀਆਂ ਈ ਵਿਕਦੀਆਂ ਨੇ। ਦੇਖੋ ਮੇਰੀਆਂ ਗਜਲਾਂ ਦੇ ਤਿੰਨ ਸੰਗ੍ਰਹਿ ਛਪੇ ਆ, ਇਕ ਦੇ ਚਾਰ ਐਡੀਸ਼ਨ ਛਪ ਗਏ, ਇਕ ਦੇ ਤਿੰਨ ਛਪ ਗਏ, ਇੱਕ ਦੇ ਦੋ ਛਪ ਗਏ ਔਰ ਇਸੇ ਤਰਾਂ ਕਹਾਣੀਆਂ ਦੇ ਦੋ ਦੋ ਐਡੀਸ਼ਨ ਛਪ ਗਏ ਨੇ। ਮੇਰੀ ਆਲੋਚਨਾ ਦੀ ਕਿਤਾਬ 'ਗਜਲ ਰੂਪ ਤੇ ਪਿੰਗਲਾ' ਉਹਦੇ ਤਿੰਨ ਐਡੀਸ਼ਨ ਪੰਜ ਛੇ ਸਾਲਾਂ ਚ ਤੀਜਾ ਫਿਰ ਛਪ ਗਿਆ।

ਜਾਣੀ ਗਜਲ ਮੈਨੂੰ ਪਾਠਕਾਂ ਤੇ ਉਸ ਤਰਾਂ ਤੇ ਰੋਸ ਨੀ ਜਿਵੇਂ ਲੇਖਕ ਕਹਿੰਦੇ ਆ ਕਿ ਖ੍ਰੀਦਦੇ ਨਹੀਂ। ਠੀਕ ਆ ਨਹੀਂ ਵੀ ਖਰੀਦਦੇ, ਲੋਕਾਂ ਚ ਸ਼ੌਕ ਘਟ ਗਿਆ, ਉਹਦਾ ਕਾਰਨ ਟੀ ਵੀ ਵੀ ਹੋ ਸਕਦੇ। ਉਹਦਾ ਕਾਰਨ ਪੰਜਾਬ ਦਾ ਕਲਚਰ ਵੀ ਖਾਓ ਪੀਓ ਕਲਚਰ ਈ ਆ ਨਾ, ਨਾਲੇ ਅਸੀਂ ਸਰੋਤਾ ਕਲਚਰ ਦੇ, ਪੰਜਾਬੀ ਜਿਹੜੇ ਆ ਨਾ ਇਹ ਸਰੋਤਾ ਕਲਚਰ ਵਾਲੇ ਆ, ਤੇ ਸਰੋਤਾ ਕਲਚਰ ਕਰਕੇ ਤੁਸੀਂ ਅਖੰਡ ਪਾਠ ਰੱਖ ਦੋ ਉਥੇ ਤਾਂ ਸਾਰਾ ਗੁਰਦੁਆਰਾ ਭਰ ਜਾਂਦਾ, ਸਾਰਾ ਪੰਡਾਲ ਭਰ ਜਾਂਦਾ ਤੇ ਜੇ ਤੁਸੀਂ ਕਹਿ ਦੋ ਕਿ ਸਾਹਿਤ ਸਭਾ ਦੇ ਵਿੱਚ ਆਹ ਉਥੇ ਬਹਿਸ ਹੋਊਗੀ, ਅਹਿ ਕਿਤਾਬ ਦੀਆਂ ਉਥੇ ਕਹਾਣੀਆਂ ਪੜੀਆਂ ਜਾਣਗੀਆਂ, ਇਹ ਕਹਾਣੀਆਂ ਦੀ ਕਿਤਾਬ 20-20 ਰੁਪਏ ਦੀ ਦਿਤੀ ਜਾਊਗੀ, ਉਥੇ 50 ਬੰਦੇ ਵੀ ਨੀ ਪਹੁੰਚਦੇ। ਸਰਮਾਏਦਾਰੀ ਦਾ ਵਿਕਾਸ ਉਹ ਹੋਇਆ, ਜੀਹਨੂੰ ਅਣ-ਜੀਵਨ ਵਿਕਾਸ ਕਹਿੰਦੇ ਨਾ, ਆਪਹੁਦਰਾ ਜਿਹਾ ਵਿਕਾਸ ਹੋਇਆ, ਉਹ ਵਿਕਾਸ ਦੇ ਵਿਚੋਂ ਲੋਕਾਂ ਦੇ ਵਿੱਚ ਖੁਦਗਰਜੀ ਭਾਰੂ ਹੋ ਗਈ, ਸਮਾਜ ਨਾਲ ਲੋਕਾਂ ਨੂੰ ਲਗਾਓ ਨਹੀਂ ਰਿਹਾ। ਜਦੋਂ ਸਮਾਜ ਨਾਲ ਲੋਕਾਂ ਨੂੰ ਲਗਾਓ ਨਹੀਂ ਹੈ ਤਾਂ ਲੋਕਾਂ ਨੂੰ ਕਿਤਾਬ ਨਾਲ ਲਗਾਓ ਵੀ ਨਹੀਂ ਹੋਊਗਾ। ਉਹ ਉਹ ਕਿਤਾਬ ਖਰੀਦਣੇ ਜਿਹੜੀ ਉਹਨਾਂ ਨੂੰ ਖਾਸ ਲਾਭ, 'ਗਜਲ ਰੂਪ ਤੇ ਪਿੰਗਲਾ', ਇਹ ਕਿਤਾਬ ਤਾਂ ਖਰੀਦੀ ਜਾਂਦੀ ਐ ਕਿ ਲੋਕ ਜਿਹੜੇ ਸਿੱਖਣਾ ਚਾਹੁੰਦੇ ਆ ਕਿ ਗਜਲ ਲਿਖਣੀ ਕਿਵੇਂ ਆ, ਉਹ ਕਿਤਾਬ ਤਾਂ ਮੇਰੀ ਜਿਆਦਾ ਵਿਕਦੀ ਆ ਤੇ ਇਹਦੇ ਮੁਕਾਬਲੇ ਮੇਰੀਆਂ ਦੂਜੀਆਂ ਕਿਤਾਬਾ ਘੱਟ ਵਿਕਦੀਆਂ। ਵਿਕਦੀਆਂ ਤਾਂ ਹੈ, ਮੈਨੂੰ ਪੈਸਾ ਲਾਉਣ ਦੀ ਲੋੜ ਨਹੀਂ ਹੈ ਕਿਤਾਬਾਂ ਤੇ, ਬਹੁਤੇ ਲੋਕਾਂ ਕਿਤਾਬਾਂ ਉਸ ਢੰਗ ਨਾਲ ਨਹੀਂ ਵਿਕਦੀਆਂ ਜਿਵੇਂ ਮੇਰੀਆਂ ਵਿਕ ਜਾਂਦੀਆਂ। ਜਾਂ ਕੁਝ ਸਰਕਾਰੇ ਦਰਬਾਰੇ ਵੀ ਕਿਈ ਵਾਰੀ ਔਰਡਰ ਇਸ ਤਰਾਂ ਦੇ ਆ ਜਾਂਦੇ ਆ ਬਈ ਇਸ ਤਰਾਂ ਦੀਆਂ ਕਿਤਾਬਾਂ ਭੇਜੋ, ਤਾਂ ਵੀ ਵਿਕ ਜਾਂਦੀਆਂ। ਜਾਣੀ ਕੋਈ ਅਸੀਂ ਇਕ ਕਾਰਨ ਨਹੀਂ ਕਹਿ ਸਕਦੇ ਇਹਦਾ। ਜਿਹੜਾ ਇਹ ਸਿਲਸਲਾ ਸ਼ੁਰੂ ਹੋਇਆ ਨਾ, ਉਸ ਦਾ ਕਾਰਨ ਕੋਈ ਇੱਕ ਨਹੀਂ ਹੈ ਤੇ ਅਸੀਂ ਤਾਂ ਕਈ ਵਾਰੀ ਅੰਦਾਜਾ ਲਾ ਈ ਨਹੀਂ ਸਕਦੇ ਕਿ ਆਹ ਜਿਹੜਾ ਕੁਛ ਹੋ ਗਿਆ, ਇਹ ਕਿਉਂ ਹੋ ਗਿਆ।

ਹਰ ਲੇਖਕ ਦੇ ਪਾਠਕ ਇੱਕ ਤਾਂ ਆਪਦੇ ਆਪਦੇ ਹੈਗੇ, ਜਿਵੇਂ 'ਹੀਰ ਵਾਰਿਸ' ਦਾ ਪਾਠਕ ਪੈਦਾ ਕਰਨ ਦੀ ਲੋੜ ਨਹੀਂ ਪੈਂਦੀ, ਕਰੋੜਾਂ ਦੀ ਗਿਣਤੀ ਚ ਉਹ ਕਿਤਾਬ ਵਿਕੀ। ਏਸ ਤਰਾਂ ਬਾਬਾ ਬੋਹੜ ਸਿੰਘ ਦਾ ਪਾਠਕ

ਜਿਹੜਾ ਸੀਗਾ, ਉਹ ਪੈਦਾ ਕਰਨ ਦੀ ਲੋੜ ਨਹੀਂ, ਅੰਮ੍ਰਿਤਾ ਪ੍ਰੀਤਮ ਦਾ ਪਾਠਕ ਪੈਦਾ ਕਰਨ ਦੀ ਲੋੜ ਨਹੀਂ। 1960-70 ਤੱਕ ਤਾਂ ਪਾਠਕ ਪੈਦਾ ਕਰਨ ਦੀ ਲੋੜ ਨਹੀਂ ਸੀ, ਜਿੰਨੀ ਕਿਤਾਬ ਛਪਦੀ ਸੀ, ਉਹ ਵਿਕ ਜਾਂਦੀ ਸੀ, ਭਵਾਂ ਉਹਦੇ ਵਿਚੋਂ ਲੇਖਕਾਂ ਨੂੰ ਕੋਈ ਰੁਆਲਿਟੀ ਮਿਲਦੀ ਸੀ ਜਾਂ ਨਹੀਂ ਮਿਲਦੀ ਸੀ, ਉਹ ਵੱਖਰੀ ਗੱਲ ਸੀ। ਪਰ ਹੁਣ ਜਿਹੜੀ ਸਮੱਸਿਆ ਇਹ ਐ ਕਿ ਹੁਣ ਸਾਧਨ ਐਸੇ ਆ ਗਏ ਗਏ ਆ ਕਿ ਜਿਹੜਾ ਬੁੱਕ ਕਲਚਰ ਆ ਨਾ ਉਹਨੂੰ ਬਹੁਤ ਧੱਕਾ। ਇਹਦੇ ਬਾਵਜੂਦ ਵੀ, ਜਿਹੜੈ ਲੇਖਕ ਹੈਗਾ ਆ ਨਾ, ਅਸੀਂ ਨਜਰੀਆ ਕੱਢ ਰਹੇ ਆਂ, ਹੁਣ ਉਹ ਨਜਰੀਏ ਦੇ ਵਿਚੋਂ 500 ਕਾਪੀ ਵਿਕਦੀ ਆ ਗਾਹਕਾਂ ਚ, ਸਾਨੂੰ ਪੈਸੇ ਆਉਂਦੇ ਆ, ਇਹ ਨਹੀਂ ਕਿ ਅਸੀਂ ਫਰੀ ਭੇਜਦੇ ਆਂ। ਸੌ, ਦੋ ਸੌ, ਡੂਢ ਸੌ ਕਾਪੀ ਅਸੀਂ ਫਰੀ ਵੀ ਭੇਜ ਦਿੰਨੇ ਆਂ, ਸੌ ਪੰਜਾਹ ਕਈ ਵਾਰੀ ਇਸ ਤਰਾਂ ਵੱਧ ਛਪਾ ਲੈਂਨੇ ਆਂ, ਬਈ ਇਹਦਾ ਆਹ ਪਰਪਸ ਹੋਏਗਾ, ਮਗਰ ਕੇ ਤੁਸੀਂ ਚੰਗਾ ਸਾਹਿਤ ਲਿਖੋਗੇ, ਔਰ ਜਿਹਨਾਂ ਵਾਸਤੇ ਲਿਖੋਗੇ, ਉਥੇ ਤੁਸੀਂ ਗਾਹਕ ਆਪਣਾ ਪੈਦਾ ਵੀ ਕਰ ਸਕਦੇ ਓ, ਪਰ ਮੈਂ ਜਾਣੀ ਇਸ ਗੱਲੋਂ ਕੋਈ ਬਹੁਤਾ ਨਿਰਾਸ਼ ਨਹੀਂ ਆਂ। ਇਸ ਸਮੁਚੇ ਸਮਾਜ ਨਾਲ ਈ ਵਾਪਰ ਰਿਹਾ, ਜੇ ਸਾਡਾ ਨਿਰਾਦਰ ਹੋ ਰਿਹਾ ਤਾਂ ਸਮੁਚੇ ਸਮਾਜ ਵਿੱਚ ਚੰਗੇ ਵਿਅਕਤੀਆਂ ਦਾ ਕਿੰਨਾ ਕੁ ਆਦਰ ਹੋ ਰਿਹਾ? ਗੁੰਡਾ ਅਨਸਰ ਏਨਾ ਭਾਰੂ ਹੈਗਾ ਕਿ ਹੁਣ ਇਸ ਅਨਸਰ ਨਾਲ ਲੇਖਕਾਂ ਦੇ ਵਿੱਚ ਤਾਂ ਇਸ ਤਰਾਂ ਦੀ ਭਾਵਨਾ ਨੀ ਨਾ ਹੁੰਦੀ ਨਾ ਆਦਤਾਂ ਨੀ ਹੁੰਦੀਆਂ, ਜਿਹਨਾਂ ਚ ਹੁੰਦੀ ਆ ਉਹ ਸਾਡੇ ਨਾਲ ਰਲਦੇ ਜੀ, ਜਾਂ ਅਸੀਂ ਰਲਾਉਂਦੇ ਨੀ ਉਹਨਾਂ ਨੂੰ ਏਸ ਤਰਾਂ।

ਧੰਨਵਾਦ